

# ਮਾਈਕ੍ਰੋਫਾਈਨਾਂਸ ਪਲਸ ਰਿਪੋਰਟ

VOL XIV – ਨਵੰਬਰ 2022

# ਵਿਸ਼ਲੇਸ਼ਣਾਤਮਕ ਸੰਪਰਕ


**ਇਕੁਇਫੈਕਸ**

ਕਿਰਨ ਸਮੁਦ੍ਰਲਾ
ਮੁਖੀ – ਅੰਕੜਾ ਵਿਸ਼ਲੇਸ਼ਣ
kiran.samudrala@equifax.com

ਸ਼ਰੂਤੀ ਜੋਸ਼ੀ
ਮੁਖੀ - ਇਨਸਾਈਟਸ ਅਤੇ ਵਿਸ਼ਲੇਸ਼ਣ
shruti.joshi@equifax.com

ਵੰਦਨਾ ਪੰਚਾਲ
ਸਹਾਇਕ ਪ੍ਰਬੰਧਕ - ਇਨਸਾਈਟਸ ਅਤੇ ਵਿਸ਼ਲੇਸ਼ਣ
vandana.panchal@equifax.com

**ਸਿਡਬੀ**

ਸੰਜੇ ਜੈਨ
ਸੀਜੀਐੱਮ – ਈਆਰਡੀਏਵੀ
erdav@sidbi.in

ਹਾਂਗਜ਼ੋ ਗਿਨਸੁਆਨਮੁੰਗ
ਏਜੀਐੱਮ – ਈਆਰਡੀਏਵੀ
erdav@sidbi.in

ਵੰਦਿਤਾ ਸ਼੍ਰੀਵਾਸਤਵ
ਏਐੱਮ – ਈਆਰਡੀਏਵੀ
erdav@sidbi.in

# Index


| | |
|---|---|
| ਕਾਰਜਕਾਰੀ ਸੰਖੇਪ | 04 |
| ਸੰਖੇਪ ਅਤੇ ਸ਼ਬਦਾਵਲੀ | 05 |
| ਮਾਈਕ੍ਰੋਫਾਇਨਾਂਸ ਉਦਯੋਗਿਕ ਜਾਣਕਾਰੀ | 06 |
| ਵੰਡ ਦੇ ਰੁਝਾਨ | 09 |
| ਉਦਯੋਗਿਕ ਜੋਖਮ ਪ੍ਰੋਫਾਈਲ | 12 |
| ਅਭਿਲਾਸ਼ੀ ਜ਼ਿਲ੍ਹੇ | 14 |
| ਗਾਹਕ ਪੱਧਰ ਦਾ ਵਿਸ਼ਲੇਸ਼ਣ | 16 |
| ਪੁੱਛਗਿੱਛ ਵਿਸ਼ਲੇਸ਼ਣ | 18 |

# ਕਾਰਜਕਾਰੀ ਸੰਖੇਪ

ਐੱਮਐਫਆਈ ਪਲਸ ਰਿਪੋਰਟ ਦਾ 14ਵਾਂ ਸੰਸਕਰਣ 30 ਜੂਨ 2022 ਤੱਕ ਦੀ ਮਿਆਦ ਲਈ ਬਿਊਰੋ ਨੂੰ ਜਮ੍ਹਾਂ ਕੀਤੇ ਗਏ ਅੰਕੜੇ 'ਤੇ ਅਧਾਰਿਤ ਹੈ।

30 ਜੂਨ 2022 ਤੱਕ ਮਾਈਕ੍ਰੋਫਾਈਨਾਂਸ ਉਦਯੋਗ ਦਾ ਪੋਰਟਫੋਲੀਓ ਬਕਾਇਆ 266,541 ਕਰੋੜ ਰੁਪਏ ਹੈ, ਜਿਸ ਵਿੱਚ 1,041 ਲੱਖ ਐਕਟਿਵ ਕਰਜ਼ੇ ਅਤੇ 5 ਕਰੋੜ ਐਕਟਿਵ ਵਿਲੱਖਣ ਕਰਜ਼ਦਾਰ ਸ਼ਾਮਲ ਹਨ। ਪੋਰਟਫੋਲੀਓ ਬਕਾਏ ਵਿੱਚ ਬੈਂਕ ਸਭ ਤੋਂ ਵੱਧ ਯੋਗਦਾਨ ਪਾਉਂਦੇ ਹਨ। ਬੈਂਕ, ਐੱਨਐਫਬੀਸੀ-ਐੱਮਐਫਆਈ ਅਤੇ ਐੱਸਐਫਬੀ ਏਐੱਮਜੇ'22 ਦੀ ਤਿਮਾਹੀ ਵਿੱਚ ਬਕਾਇਆ ਪੋਰਟਫੋਲੀਓ ਵਿੱਚ 90% ਅਤੇ ਵੰਡੀ ਗਈ ਰਕਮ ਵਿੱਚ 89% ਯੋਗਦਾਨ ਪਾਉਂਦੇ ਹਨ। ਜੂਨ 2021 ਤੋਂ ਜੂਨ 2022 ਤੱਕ ਮਾਈਕ੍ਰੋਫਾਈਨਾਂਸ ਉਦਯੋਗ 20% ਵਧਿਆ ਹੈ ਅਤੇ ਮਾਰਚ 2022 ਤੋਂ ਜੂਨ 2022 ਤੱਕ ਤਿਮਾਹੀ ਦਰ ਤਿਮਾਹੀ ਵਾਧਾ ਦਰ 1% ਰਹੀ। ਜੂਨ 2021 ਤੋਂ ਜੂਨ 2022 ਤੱਕ ਐੱਨਬੀਐਫਸੀ ਨੇ 56% ਦਾ ਸਭ ਤੋਂ ਵੱਧ ਸਾਲ ਦਰ ਸਾਲ ਵਾਧਾ ਦੇਖਿਆ।

ਏਐੱਮਜੇ'21 ਤੋਂ ਏਐੱਮਜੇ'22 ਤੱਕ ਵੈਲੀਉ ਦੁਆਰਾ ਵੰਡੀ ਗਈ ਰਕਮ ਵਿੱਚ 116% ਅਤੇ ਵਾਲੀਅਮ ਦੁਆਰਾ 92% ਦਾ ਸਾਲਾਨਾ ਵਾਧਾ ਦਰਜ ਕੀਤਾ ਗਿਆ। ਏਐੱਮਜੇ'21 ਤੋਂ ਏਐੱਮਜੇ'22 ਤੱਕ ਐੱਨਬੀਐਫਸੀ ਨੇ ਵੰਡੀ ਗਈ ਰਕਮ ਦੇ ਮਾਮਲੇ ਵਿੱਚ 265% ਅਤੇ ਕਰਜ਼ੇ ਦੀ ਵੰਡ ਦੇ ਮਾਮਲੇ ਵਿੱਚ 225% ਦਾ ਸਭ ਤੋਂ ਵੱਧ ਵਾਧਾ ਦੇਖਿਆ। ਏਐੱਮਜੇ'21 ਤੋਂ ਏਐੱਮਜੇ'22 ਤੱਕ ਸਭ ਤੋਂ ਵੱਧ ਲੋਨ 30K ਤੋਂ 40K ਟਿਕਟ ਆਕਾਰ ਸ਼੍ਰੇਣੀ ਦੇ ਅਧੀਨ ਜਾਰੀ ਕੀਤੇ ਗਏ ਹਨ ਅਤੇ ਇਸ ਵਿੱਚ 153% ਦੀ ਸਾਲਾਨਾ ਵਾਧਾ ਦਰ ਦੇਖੀ ਗਈ ਹੈ।

ਜੂਨ 2021 ਦੇ ਮੁਕਾਬਲੇ ਜੂਨ 2022 ਵਿੱਚ ਸਾਰੀਆਂ ਡੀਲੀਕੁਐਂਸੀ ਬਕੇਟਸ ਵਿੱਚ ਗਿਰਾਵਟ ਆਈ ਹੈ। ਮਾਰਚ 2022 ਤੋਂ ਜੂਨ 2022 ਵਿੱਚ 60-89 ਦਿਨਾਂ ਦੇ ਬਕਾਏ ਦੀ ਨਿਰਧਾਰਤ ਸ਼੍ਰੇਣੀ ਨੂੰ ਛੱਡ ਕੇ ਬਾਕੀ ਸਾਰੀਆਂ ਡੀਲੀਕੁਐਂਸੀ ਬਕੇਟਸ ਵਿੱਚ ਗਿਰਾਵਟ ਆਈ ਹੈ।

30 ਜੂਨ 2022 ਤੱਕ ਅਭਿਲਾਸ਼ੀ ਜ਼ਿਲ੍ਹਿਆਂ ਲਈ ਬਕਾਇਆ ਪੋਰਟਫੋਲੀਓ 37,124 ਕਰੋੜ ਰੁਪਏ ਹੈ ਅਤੇ ਇਹ ਜੂਨ 2021 ਤੋਂ ਜੂਨ 2022 ਤੱਕ 29% ਵਧਿਆ ਹੈ। ਜੁਲਾਈ 2021 ਤੋਂ ਜੂਨ 2022 ਤੱਕ ਅਭਿਲਾਸ਼ੀ ਜ਼ਿਲ੍ਹਿਆਂ ਵਿੱਚ 41,025 ਕਰੋੜ ਰੁਪਏ ਦੇ ਕਰਜ਼ੇ ਵੰਡੇ ਗਏ ਹਨ।

ਐੱਨਬੀਐਫਸੀ ਕੋਲ 25k ਤੋਂ 50k ਬਕਾਇਆ ਸ਼੍ਰੇਣੀ ਵਿੱਚ ਸਭ ਤੋਂ ਵੱਧ ਕਰਜ਼ ਲੈਣ ਵਾਲੇ ਹਨ ਅਤੇ ਦੂਜੇ ਨੰਬਰ 'ਤੇ ਐੱਸਐਫਬੀ ਹਨ। ਗੈਰ-ਲਾਭਕਾਰੀ ਐੱਮਐਫਆਈ ਨੂੰ ਛੱਡ ਕੇ, 50% ਤੋਂ ਵੱਧ ਕਰਜ਼ ਲੈਣ ਵਾਲੇ >=25k ਬਕਾਇਆ ਸ਼੍ਰੇਣੀ ਵਿੱਚ ਆ ਰਹੇ ਹਨ।

ਇਸ ਸੰਸਕਰਣ ਵਿੱਚ ਅਸੀਂ ਇੰਡੈਕਸਡ ਐੱਮਐਫਆਈ ਇਨਕੁਆਰੀ ਵਾਲੀਅਮ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਕੋਵਿਡ-19 ਦੀ ਦੂਜੀ ਲਹਿਰ ਤੋਂ ਬਾਅਦ ਮਾਈਕ੍ਰੋਫਾਇਨਾਂਸ ਉਦਯੋਗ ਨੇ ਨਵੀਂ ਕਰਜ਼ਾ ਪੁੱਛਗਿੱਛ ਵਿੱਚ ਸੁਧਾਰ ਦਿਖਾਇਆ ਹੈ। ਮਾਰਚ'21 ਅਤੇ ਜੂਨ'22 ਦੇ ਦਰਮਿਆਨ ਸਤੰਬਰ 2021 ਦੇ ਮਹੀਨੇ ਵਿੱਚ ਸਭ ਤੋਂ ਵੱਧ ਪੁੱਛਗਿੱਛਾਂ ਹੋਈਆਂ ਹਨ। ਜੂਨ 2021 ਦੇ ਮੁਕਾਬਲੇ ਜੂਨ 2022 ਵਿੱਚ ਜ਼ਿਆਦਾ ਪੁੱਛਗਿੱਛ ਕੀਤੀ ਗਈ ਹੈ।

## ਸੰਖੇਪ ਸ਼ਬਦ ਅਤੇ ਸ਼ਬਦਾਵਲੀ


- ਏਟੀਐੱਸ (ਔਸਤਨ ਟਿਕਟ ਦਾ ਆਕਾਰ) = ਵੰਡੀ ਗਈ ਰਕਮ / ਕਰਜ਼ਿਆਂ ਦੀ ਸੰਖਿਆ
- ਡੀਪੀਡੀ = ਬੀਤੇ ਦਿਨਾਂ ਦਾ ਬਕਾਇਆ
- ਲਾਈਵ ਪੀਓਐੱਸ ਜਾਂ ਕਰਜ਼ ਲੈਣ ਵਾਲਾ ਜਾਂ ਐਕਟਿਵ ਕਰਜ਼ੇ = 0 ਤੋਂ 179 ਡੀਪੀਡੀ + ਨਵੇਂ ਖਾਤੇ + ਚਾਲੂ ਖਾਤੇ
- ਐੱਮਐੱਫਆਈ = ਮਾਈਕ੍ਰੋਫਾਈਨਾਂਸ ਸੰਸਥਾ
- ਪੀਓਐੱਸ = ਪੋਰਟਫੋਲੀਓ ਬਕਾਇਆ
- ਯੂਟੀ = ਕੇਂਦਰ ਸ਼ਾਸਤ ਪ੍ਰਦੇਸ਼
- ਅਭਿਲਾਸ਼ੀ ਜ਼ਿਲ੍ਹੇ (ਏਡੀ) - ਜਨਵਰੀ 2018 ਵਿੱਚ, ਭਾਰਤ ਸਰਕਾਰ ਦੇ ਨੀਤੀ ਆਯੋਗ ਦੁਆਰਾ ਅਭਿਲਾਸ਼ੀ ਜ਼ਿਲ੍ਹਿਆਂ (ਇਸ ਵੇਲੇ 117 ਜ਼ਿਲ੍ਹੇ) ਦੀ ਪਛਾਣ ਕੀਤੀ ਗਈ ਸੀ, ਇਨ੍ਹਾਂ ਜ਼ਿਲ੍ਹਿਆਂ ਦੀ ਪਛਾਣ ਇਸ ਲਈ ਕੀਤੀ ਗਈ ਸੀ ਤਾਂ ਕਿ ਸਿਹਤ ਅਤੇ ਪੋਸ਼ਣ, ਸਿੱਖਿਆ, ਖੇਤੀਬਾੜੀ ਅਤੇ ਜਲ ਸਰੋਤਾਂ, ਵਿੱਤੀ ਸ਼ਮੂਲੀਅਤ, ਹੁਨਰ ਵਿਕਾਸ ਅਤੇ ਬੁਨਿਆਦੀ ਢਾਂਚੇ ਵਰਗੇ ਸੰਯੋਜਤ ਸੰਕੇਤਾਂ ਦੇ ਅਧਾਰ 'ਤੇ ਭਾਰਤ ਦੇ ਮਨੁੱਖੀ ਵਿਕਾਸ ਸੂਚਕ ਅੰਕ ਨੂੰ ਹੋਰ ਵਧਾ ਕੇ ਇਸ ਵਿੱਚ ਸੁਧਾਰ ਕੀਤਾ ਜਾ ਸਕੇ।
- 1-179 = 1 ਤੋਂ 179 ਡੀਪੀਡੀ / ਲਾਈਵ ਪੀਓਐੱਸ
- 1-29 = 1 ਤੋਂ 29 ਡੀਪੀਡੀ / ਲਾਈਵ ਪੀਓਐੱਸ
    - 30-59 = 30 ਤੋਂ 59 ਡੀਪੀਡੀ / ਲਾਈਵ ਪੀਓਐੱਸ
    - 60-89 = 60 ਤੋਂ 89 ਡੀਪੀਡੀ / ਲਾਈਵ ਪੀਓਐੱਸ
    - 90-179 = 90 ਤੋਂ 179 ਡੀਪੀਡੀ / ਲਾਈਵ ਪੀਓਐੱਸ
    - 30+ ਡੀਲੀਕੁਐਂਸੀ = 30-179 ਡੀਪੀਡੀ / ਲਾਈਵ ਪੀਓਐੱਸ
    - 90+ ਡੀਲੀਕੁਐਂਸੀ = 90-179 ਡੀਪੀਡੀ / ਲਾਈਵ ਪੀਓਐੱਸ
- ਏਐੱਮਜੇ '21 = ਅਪ੍ਰੈਲ 2021 ਤੋਂ ਜੂਨ 2021
    - ਜੇਏਐੱਸ'21 = ਜੁਲਾਈ 2021 ਤੋਂ ਸਤੰਬਰ 2021
    - ਓਐੱਨਡੀ '21 = ਅਕਤੂਬਰ 2021 ਤੋਂ ਦਸੰਬਰ 2021
    - ਜੇਐੱਫਐੱਮ '22 = ਜਨਵਰੀ 2022 ਤੋਂ ਮਾਰਚ 2022
    - ਏਐੱਮਜੇ '22 = ਅਪ੍ਰੈਲ 2022 ਤੋਂ ਜੂਨ 2022



# ਮਾਈਕ੍ਰੋਫਾਈਨਾਂਸ ਉਦਯੋਗ ਬਾਰੇ ਸੰਖੇਪ ਜਾਣਕਾਰੀ

# 30 ਜੂਨ 2022 ਨੂੰ ਮਾਈਕ੍ਰੋਫਾਈਨਾਂਸ ਇੰਡਸਟਰੀ ਸਨੈਪਸ਼ੌਟ

| 30 ਜੂਨ 2022 ਨੂੰ ਸਨੈਪਸ਼ੌਟ | ਬੈਂਕ | ਐੱਸਐਫਬੀ | ਐੱਨਐਫਬੀਸੀ-ਐੱਮਐਫਆਈ | ਐੱਨਬੀਐਫਸੀ | ਗੈਰ-ਲਾਭਕਾਰੀ ਐੱਮਐਫਆਈ | ਕੁੱਲ ਉਦਯੋਗ |
|---|---|---|---|---|---|---|
| ਵਿਲੱਖਣ ਲਾਈਵ ਕਰਜ਼ਦਾਰ ('000) | 25,548 | 12,099 | 23,286 | 7,524 | 964 | 69,421 |
| ਐਕਟਿਵ ਲੋਨ ('000) | 38,975 | 16,161 | 39,139 | 8,576 | 1,279 | 104,130 |
| ਪੋਰਟਫੋਲੀਓ (`ਕਰੋੜ) | 98,445 | 44,810 | 95,671 | 25,232 | 2,383 | 266,541 |
| ਵੰਡੀ ਗਈ ਰਕਮ (` ਕਰੋੜ) – ਏਐੱਮਜੇ' 22 | 20,868 | 9,458 | 21,640 | 5,901 | 266 | 58,133 |
| ਔਸਤ ਟਿਕਟ ਦਾ ਆਕਾਰ (`) – ਏਐੱਮਜੇ' 22 | 37,743 | 45,118 | 38,756 | 44,482 | 44,380 | 39,830 |
| 30+ ਡੀਲੀਕੁਐਂਸੀ (ਪੀਓਐੱਸ) | 7.36% | 5.29% | 3.24% | 2.02% | 2.96% | 4.99% |
| 90+ ਡੀਲੀਕੁਐਂਸੀ (ਪੀਓਐੱਸ) | 2.32% | 1.99% | 1.58% | 0.79% | 1.12% | 1.85% |




- 30 ਜੂਨ 2022 ਨੂੰ ਐੱਮਐਫਆਈ ਉਦਯੋਗ ਦਾ ਬੁੱਕ ਆਕਾਰ ` 266,541 ਕਰੋੜ ਰੁਪਏ ਹੈ
- ਬੈਂਕਾਂ ਕੋਲ ਬਕਾਇਆ ਪੋਰਟਫੋਲੀਓ ਵਿੱਚ ਸਭ ਤੋਂ ਵੱਧ 37% ਦੀ ਮਾਰਕੀਟ ਹਿੱਸੇਦਾਰੀ ਹੈ
- ਏਐੱਮਜੇ'22 ਤਿਮਾਹੀ ਵਿੱਚ ਬੈਂਕ, ਐੱਨਐਫਬੀਸੀ-ਐੱਮਐਫਆਈ ਅਤੇ ਐੱਸਐਫਬੀ ਬਕਾਇਆ ਪੋਰਟਫੋਲੀਓ ਵਿੱਚ 90% ਅਤੇ ਵੰਡੀ ਗਈ ਰਕਮ ਵਿੱਚ 89% ਯੋਗਦਾਨ ਪਾਉਂਦੇ ਹਨ
- ਐੱਸਐਫਬੀ, ਐੱਨਬੀਐਫਸੀ ਅਤੇ ਗੈਰ-ਲਾਭਕਾਰੀ ਐੱਮਐਫਆਈ ਦੀ ਔਸਤ ਟਿਕਟ ਦਾ ਆਕਾਰ ਉਦਯੋਗ ਟਿਕਟ ਦੇ ਆਕਾਰ ਤੋਂ ਵੱਧ ਹੈ
- ਐੱਨਐਫਬੀਸੀ-ਐੱਮਐਫਆਈ, ਐੱਨਬੀਐਫਸੀ ਅਤੇ ਗੈਰ-ਲਾਭਕਾਰੀ ਐੱਮਐਫਆਈ ਦੀ 30+ ਅਤੇ 90+ ਡੀਲੀਕੁਐਂਸੀ ਉਦਯੋਗਿਕ ਡੀਲੀਕੁਐਂਸੀ ਤੋਂ ਘੱਟ ਹੈ


ਨੋਟ: ਐੱਮਐਫਆਈ ਹਿੱਸੇ ਵਿੱਚ ~5 ਕਰੋੜ ਵਿਲੱਖਣ ਲਾਈਵ ਕਰਜ਼ ਲੈਣ ਵਾਲੇ ਹਨ। ਗਾਹਕਾਂ ਦੀ ਵਿਲੱਖਣ ਸੰਖਿਆ ਵਿੱਚ ਫ਼ਰਕ ਐੱਸਐਫਬੀ, ਬੈਂਕਾਂ, ਐੱਨਐਫਬੀਸੀ-ਐੱਮਐਫਆਈ, ਐੱਨਬੀਐਫਸੀ ਅਤੇ ਗੈਰ-ਲਾਭਕਾਰੀ ਐੱਮਐਫਆਈ ਨਾਲ ਗਾਹਕਾਂ ਦੇ ਕਈ ਤਰ੍ਹਾਂ ਦੇ ਸਬੰਧਾਂ ਦੇ ਕਾਰਨ ਹੈ।

# ਮਾਈਕ੍ਰੋਫਾਈਨਾਂਸ ਉਦਯੋਗ ਬਾਰੇ ਸੰਖੇਪ ਜਾਣਕਾਰੀ

ਪੋਰਟਫੋਲੀਓ ਬਕਾਇਆ (₹ ਕਰੋੜ)

| Lender Type | ਜੂਨ'21 | ਸਤੰਬਰ'21 | ਦਸੰਬਰ'21 | ਮਾਰਚ'22 | ਜੂਨ'22 | ਸਾਲ ਦਰ ਸਾਲ ਵਾਧਾ % |
|---|---|---|---|---|---|---|
| ਬੈਂਕ | 95,674 | 92,725 | 93,841 | 102,032 | 98,445 | 3% |
| ਐੱਸਐਫਬੀ | 35,345 | 36,863 | 39,675 | 44,134 | 44,810 | 27% |
| ਐੱਨਐਫਬੀਸੀ-ਐੱਮਐਫਆਈ | 72,856 | 79,932 | 84,065 | 94,481 | 95,671 | 31% |
| ਐੱਨਬੀਐਫਸੀ | 16,140 | 14,621 | 16,337 | 19,155 | 25,232 | 56% |
| ਗੈਰ-ਲਾਭਕਾਰੀ ਐੱਮਐਫਆਈ | 2,045 | 1,982 | 2,260 | 2,800 | 2,383 | 17% |
| ਕੁੱਲ ਉਦਯੋਗ | 222,060 | 226,123 | 236,178 | 262,602 | 266,541 | 20% |
| ਤਿਮਾਹੀ ਦਰ ਤਿਮਾਹੀ ਵਿਕਾਸ ਦਰ % | | 2% | 4% | 11% | 1% | |

ਰਿਣਦਾਤਾ ਦੀ ਕਿਸਮ ਅਨੁਸਾਰ ਮਾਰਕੀਟ ਸ਼ੇਅਰ ਦੇ ਰੁਝਾਨ




- ਜੂਨ 2021 ਤੋਂ ਜੂਨ 2022 ਤੱਕ ਮਾਈਕ੍ਰੋਫਾਈਨਾਂਸ ਉਦਯੋਗ ਵਿੱਚ 20% ਦਾ ਵਾਧਾ ਹੋਇਆ ਅਤੇ ਮਾਰਚ 2022 ਤੋਂ ਜੂਨ 2022 ਤੱਕ ਤਿਮਾਹੀ ਦਰ ਤਿਮਾਹੀ 1% ਦਾ ਵਾਧਾ ਦੇਖਿਆ ਗਿਆ
- ਐੱਨਬੀਐਫਸੀ ਨੇ ਜੂਨ 2021 ਤੋਂ ਜੂਨ 2022 ਤੱਕ 56% ਦਾ ਸਭ ਤੋਂ ਵੱਧ ਸਾਲ ਦਰ ਸਾਲ ਵਾਧਾ ਦੇਖਿਆ




# ਵੰਡੀ ਗਈ ਰਕਮ ਦੇ ਰੁਝਾਨ

# ਵੰਡ ਦੇ ਰੁਝਾਨ - ਸੰਸਥਾ ਅਨੁਸਾਰ

ਵੰਡੇ ਗਏ ਕਰਜ਼ਿਆਂ ਦੀ ਸੰਖਿਆ (ਲੱਖਾਂ ਵਿੱਚ)

| ਰਿਣਦਾਤਾ ਦੀ ਕਿਸਮ | ਏਐੱਮਜੇ'21 | ਜੇਏਐੱਸ'21 | ਓਐੱਨਡੀ'21 | ਜੇਐਫਐੱਮ'22 | ਏਐੱਮਜੇ'22 |
|---|---|---|---|---|---|
| ਬੈਂਕਾਂ | 42 | 79 | 70 | 94 | 55 |
| ਐੱਸਐਫਬੀ | 10 | 36 | 29 | 30 | 21 |
| ਐੱਨਐਫਬੀਸੀ-ਐੱਮਐਫਆਈ | 19 | 69 | 65 | 79 | 56 |
| ਐੱਨਬੀਐਫਸੀ | 4 | 9 | 13 | 17 | 13 |
| ਗੈਰ-ਲਾਭਕਾਰੀ ਐੱਮਐਫਆਈ | 1 | 2 | 3 | 4 | 1 |
| ਕੁੱਲ ਉਦਯੋਗ | 76 | 195 | 180 | 224 | 146 |

ਰਿਣਦਾਤਾ ਦੀ ਕਿਸਮ ਅਨੁਸਾਰ ਮਾਰਕੀਟ ਸ਼ੇਅਰ ਦੇ ਰੁਝਾਨ




- ਐੱਮਐਫਆਈ ਉਦਯੋਗ ਕੋਵਿਡ-19 ਦੀ ਦੂਜੀ ਲਹਿਰ ਤੋਂ ਉੱਭਰ ਰਿਹਾ ਹੈ, ਏਐੱਮਜੇ'21 ਤੋਂ ਏਐੱਮਜੇ'22 ਤੱਕ ਵੈਲੀਉ ਦੁਆਰਾ ਵੰਡੀ ਗਈ ਰਕਮ ਵਿੱਚ 116% ਅਤੇ ਵਾਲੀਅਮ ਦੁਆਰਾ 92% ਦਾ ਸਾਲਾਨਾ ਵਾਧਾ ਦਰਜ ਕੀਤਾ ਗਿਆ।
- ਏਐੱਮਜੇ'21 ਤੋਂ ਏਐੱਮਜੇ'22 ਤੱਕ ਐੱਨਬੀਐਫਸੀ ਨੇ ਕਰਜ਼ੇ ਦੀ ਵੰਡ ਅਤੇ ਵੰਡੀ ਗਈ ਰਕਮ ਦੇ ਮਾਮਲੇ ਵਿੱਚ ਸਭ ਤੋਂ ਵੱਧ ਵਾਧਾ ਦੇਖਿਆ।


ਡਿਸਕਲੇਮਰ: ਪਿਛਲੀਆਂ ਸਾਰੀਆਂ ਤਿਮਾਹੀਆਂ ਦੇ ਸੋਰਸਿੰਗ ਡੇਟਾ ਨੂੰ ਮੈਂਬਰਾਂ ਤੋਂ ਪ੍ਰਾਪਤ ਕੀਤੇ ਅੱਪਡੇਟਸ ਦੇ ਆਧਾਰ 'ਤੇ ਅੱਪਡੇਟ ਕੀਤਾ ਗਿਆ ਹੈ।

# ਉਦਯੋਗ ਟਿਕਟ ਆਕਾਰ ਦੇ ਰੁਝਾਨ

ਵੰਡੇ ਗਏ ਕਰਜ਼ਿਆਂ ਦੀ ਸੰਖਿਆ (ਲੱਖਾਂ ਵਿੱਚ)

| ਟਿਕਟ ਦਾ ਆਕਾਰ | ਏਐੱਮਜੇ'21 | ਜੇਏਐੱਸ'21 | ਓਐੱਨਡੀ'21 | ਜੇਐਫਐੱਮ'22 | ਏਐੱਮਜੇ'22 | ਸਾਲ ਦਰ ਸਾਲ ਵਿਕਾਸ ਦਰ % |
|---|---|---|---|---|---|---|
| 0K-10K | 10 | 18 | 10 | 11 | 6 | -40% |
| 10K-20K | 7 | 20 | 13 | 16 | 9 | 29% |
| 20K-30K | 13 | 34 | 25 | 30 | 17 | 31% |
| 30K-40K | 17 | 48 | 51 | 64 | 43 | 153% |
| 40K-50K | 11 | 30 | 31 | 39 | 28 | 155% |
| 50K-60K | 9 | 25 | 24 | 30 | 21 | 133% |
| 60K Plus | 9 | 20 | 26 | 34 | 22 | 144% |
| ਕੁੱਲ | 76 | 195 | 180 | 224 | 146 | 92% |
| ਤਿਮਾਹੀ ਦਰ ਤਿਮਾਹੀ ਕਰਜ਼ਾ ਵੰਡ ਦੀ ਵਿਕਾਸ ਦਰ % | - | 157% | -8% | 24% | -35% | - |
| ਆਲ ਇੰਡੀਆ ਏਟੀਐੱਸ (₹) | 35,438 | 35,299 | 39,194 | 40,080 | 39,830 | 12% |
| ਤਿਮਾਹੀ ਦਰ ਤਿਮਾਹੀ ਏਟੀਐੱਸ ਦੀ ਵਿਕਾਸ ਦਰ % | - | -0.4% | 11% | 2% | -1% | - |

ਵੰਡੇ ਗਏ ਕਰਜ਼ਿਆਂ ਦੀ ਸੰਖਿਆ




- ਸਭ ਤੋਂ ਵੱਧ ਕਰਜ਼ੇ 30k ਤੋਂ 40k ਟਿਕਟ ਆਕਾਰ ਸ਼੍ਰੇਣੀ ਦੇ ਅਧੀਨ ਜਾਰੀ ਕੀਤੇ ਜਾਂਦੇ ਹਨ ਅਤੇ ਇਸ ਵਿੱਚ ਏਐੱਮਜੇ'21 ਤੋਂ ਏਐੱਮਜੇ'22 ਤੱਕ 153% ਦਾ ਸਾਲਾਨਾ ਵਾਧਾ ਦੇਖਿਆ ਗਿਆ ਹੈ
- ਏਐੱਮਜੇ'21 ਤੋਂ ਏਐੱਮਜੇ'22 ਤੱਕ ਏਟੀਐੱਸ 12% ਵਧਿਆ ਹੈ



ਡਿਸਕਲੇਮਰ: ਪਿਛਲੀਆਂ ਸਾਰੀਆਂ ਤਿਮਾਹੀਆਂ ਦੇ ਸੋਰਸਿੰਗ ਡੇਟਾ ਨੂੰ ਮੈਂਬਰਾਂ ਤੋਂ ਪ੍ਰਾਪਤ ਕੀਤੇ ਅੱਪਡੇਟਸ ਦੇ ਆਧਾਰ 'ਤੇ ਅੱਪਡੇਟ ਕੀਤਾ ਗਿਆ ਹੈ।

EQUIFAX

sidbi





# ਉਦਯੋਗ ਜੋਖਮ ਪ੍ਰੋਫਾਈਲ

## ਡੀਲੀਕੁਐਂਸੀ ਰੁਝਾਨ

| ਰਿਪੋਰਟਿੰਗ ਤਿਮਾਹੀ | 1-29 ਦਿਨ ਪਹਿਲਾਂ ਦਾ ਬਕਾਇਆ | 30-59 ਦਿਨ ਪਹਿਲਾਂ ਦਾ ਬਕਾਇਆ | 60-89 ਦਿਨ ਪਹਿਲਾਂ ਦਾ ਬਕਾਇਆ | 90-179 ਦਿਨ ਪਹਿਲਾਂ ਦਾ ਬਕਾਇਆ | 1-179 ਦਿਨ ਪਹਿਲਾਂ ਦਾ ਬਕਾਇਆ |
|---|---|---|---|---|---|
| ਜੂਨ'21 | 14.90% | 10.14% | 3.38% | 3.01% | 31.43% |
| ਸਤੰਬਰ'21 | 8.64% | 5.44% | 1.74% | 2.95% | 18.77% |
| ਦਸੰਬਰ'21 | 5.03% | 3.19% | 2.14% | 3.44% | 13.80% |
| ਮਾਰਚ'22 | 2.93% | 1.71% | 1.12% | 2.43% | 8.19% |
| ਜੂਨ'22 | 2.69% | 1.44% | 1.71% | 1.85% | 7.69% |

### ਪਿਛਲੇ ਬਕਾਇਆ ਦਿਨਾਂ ਦੀ ਡੀਲੀਕੁਐਂਸੀ




- ਜੂਨ 2021 ਦੇ ਮੁਕਾਬਲੇ ਜੂਨ 2022 ਵਿੱਚ ਸਾਰੀਆਂ ਡੀਲੀਕੁਐਂਸੀ ਬਕੇਟਸ ਘਟੀਆਂ ਹਨ
- ਮਾਰਚ 2022 ਤੋਂ ਜੂਨ 2022 ਵਿੱਚ, 60-89 ਦਿਨ ਪਹਿਲਾਂ ਦਾ ਬਕਾਇਆ ਸ਼੍ਰੇਣੀ ਨੂੰ ਛੱਡ ਕੇ ਬਾਕੀ ਸਾਰੀਆਂ ਡੀਲੀਕੁਐਂਸੀ ਬਕੇਟਸ ਘਟੀਆਂ ਹਨ



# ਅਭਿਲਾਸ਼ੀ ਜ਼ਿਲ੍ਹੇ

# ਅਭਿਲਾਸ਼ੀ ਜ਼ਿਲ੍ਹੇ - ਜੂਨ 2022 ਸੰਖੇਪ ਜਾਣਕਾਰੀ


| ਅਭਿਲਾਸ਼ੀ ਜ਼ਿਲ੍ਹਿਆਂ ਦੀਆਂ ਵਿਕਾਸ ਸੰਬੰਧੀ ਵਿਸ਼ੇਸ਼ਤਾ | 30 ਜੂਨ 2021 | 30 ਜੂਨ 2022 | ਵਾਧਾ % |
|---|---|---|---|
| ਐਕਟਿਵ ਕਰਜ਼ਦਾਰ ਪ੍ਰਵੇਸ਼ ('000) | 8,143 | 9,867 | 21% |
| ਵੰਡੀ ਗਈ ਰਕਮ (`ਕਰੋੜ) | 30,353* | 41,025** | 35% |
| ਐਕਟਿਵ ਲੋਨ ('000) | 12,730 | 15,031 | 18% |
| ਪੋਰਟਫੋਲੀਓ ਬਕਾਇਆ (`ਕਰੋੜ) | 28,737 | 37,124 | 29% |
| 30+ ਡੀਲੀਕੁਐਂਸੀ | 11.80% | 3.98% | - |
| 90+ ਡੀਲੀਕੁਐਂਸੀ | 2.36% | 1.48% | - |

- ਅਭਿਲਾਸ਼ੀ ਜ਼ਿਲ੍ਹਿਆਂ ਲਈ 30 ਜੂਨ 2022 ਤੱਕ ਬਕਾਇਆ ਪੋਰਟਫੋਲੀਓ ` 37,124 ਕਰੋੜ ਸੀ ਅਤੇ ਇਹ ਜੂਨ 2021 ਤੋਂ ਜੂਨ 2022 ਤੱਕ 29% ਵਧਿਆ ਹੈ।
- ਜੂਨ 2021 ਤੋਂ ਜੂਨ 2022 ਤੱਕ ਅਭਿਲਾਸ਼ੀ ਜ਼ਿਲ੍ਹਿਆਂ ਵਿੱਚ ਐਕਟਿਵ ਕਰਜ਼ਾ ਲੈਣ ਵਾਲਿਆਂ ਦੇ ਪ੍ਰਵੇਸ਼ ਵਿੱਚ 21% ਦਾ ਵਾਧਾ ਹੋਇਆ ਹੈ।
- ਜੁਲਾਈ 2021 ਤੋਂ ਜੂਨ 2022 ਤੱਕ ਅਭਿਲਾਸ਼ੀ ਜ਼ਿਲ੍ਹਿਆਂ ਵਿੱਚ 41,025 ਕਰੋੜ ਰੁਪਏ ਦੇ ਕਰਜ਼ੇ ਵੰਡੇ ਗਏ।
- ਬੈਂਕਾਂ ਅਤੇ ਐੱਸਐਫਬੀ ਦੀ 30+ ਅਤੇ 90+ ਡੀਲੀਕੁਐਂਸੀ ਅਭਿਲਾਸ਼ੀ ਜ਼ਿਲ੍ਹਿਆਂ ਦੀ ਸਮੁੱਚੀ 30+ ਅਤੇ 90+ ਡੀਲੀਕੁਐਂਸੀ ਨਾਲੋਂ ਵੱਧ ਹੈ।

ਪੋਰਟਫੋਲੀਓ (₹ ਕਰੋੜ) - 30 ਜੂਨ, 2022 ਤੱਕ





ਵੰਡੀ ਗਈ ਰਕਮ (` ਕਰੋੜ) – ਜੁਲਾਈ 21 ਤੋਂ ਜੂਨ 22 ਤੱਕ




ਬੈਂਕਾਂ | ਐੱਸਐਫ ਬੀ | ਐੱਨਐਫਬੀਸੀ-ਐੱਮਐਫਆਈ | ਐੱਨਬੀਐਫ ਸੀ | ਗੈਰ-ਲਾਭਕਾਰੀ ਐੱਮਐਫਆਈ

ਰਿਣਦਾਤਾ ਸ਼੍ਰੇਣੀ ਅਨੁਸਾਰ 30+ ਅਤੇ 90+ ਪੀਓਐੱਸ ਡੀਲੀਕੁਐਂਸੀ







ਨੋਟ: * ਜੁਲਾਈ 2020 ਤੋਂ ਜੂਨ 2021 ਤੱਕ ਵੰਡ | ** ਜੁਲਾਈ 2021 ਤੋਂ ਜੂਨ 2022 ਤੱਕ ਵੰਡ | ਡੀਲੀਕੁਐਂਸੀ ਦੀ ਗਣਨਾ ਪੀਓਐੱਸ ਦੇ ਆਧਾਰ 'ਤੇ ਕੀਤੀ ਜਾਂਦੀ ਹੈ



# ਕਰਜ਼ਾਦਾਰਾਂ ਦੇ ਪੱਧਰ ਦਾ ਵਿਸ਼ਲੇਸ਼ਣ

# 30 ਜੂਨ 2022 ਤੱਕ ਬਕਾਇਆ ਰਕਮ ਦੁਆਰਾ ਐਕਟਿਵ ਗਾਹਕ




<10k ਤੋਂ ਘੱਟ ਦੀ ਬਕਾਇਆ ਰਕਮ ਅਨੁਸਾਰ ਐਕਟਿਵ ਕਰਜ਼ਦਾਰਾਂ ਦੀ ਸੰਖਿਆ

10K-25K ਦੇ ਵਿਚਕਾਰ ਦੀ ਬਕਾਇਆ ਰਕਮ ਅਨੁਸਾਰ ਐਕਟਿਵ ਕਰਜ਼ਦਾਰਾਂ ਦੀ ਸੰਖਿਆ

25k-50k ਦੇ ਵਿਚਕਾਰ ਦੀ ਬਕਾਇਆ ਰਕਮ ਅਨੁਸਾਰ ਐਕਟਿਵ ਕਰਜ਼ਦਾਰਾਂ ਦੀ ਸੰਖਿਆ

>=50k ਜਾਂ ਇਸਤੋਂ ਵੱਧ ਦੀ ਬਕਾਇਆ ਰਕਮ ਅਨੁਸਾਰ ਐਕਟਿਵ ਕਰਜ਼ਦਾਰਾਂ ਦੀ ਸੰਖਿਆ

- ਐੱਨਐਫਬੀਸੀ ਕੋਲ 25k ਤੋਂ 50k ਬਕਾਇਆ ਸ਼੍ਰੇਣੀ ਵਿੱਚ ਸਭ ਤੋਂ ਵੱਧ ਕਰਜ਼ਾ ਲੈਣ ਵਾਲੇ ਹਨ ਅਤੇ ਇਸਦੇ ਬਾਅਦ ਐੱਸਐਫਬੀ ਆਉਂਦੇ ਹਨ
- ਗੈਰ-ਲਾਭਕਾਰੀ ਐੱਮਐਫਆਈ ਨੂੰ ਛੱਡ ਕੇ, 50% ਤੋਂ ਵੱਧ ਕਰਜ਼ ਲੈਣ ਵਾਲੇ >=25k ਤੋਂ ਘੱਟ ਬਕਾਇਆ ਸ਼੍ਰੇਣੀ ਵਿੱਚ ਆ ਰਹ


EQUIFAX

sidbi



# ਪੁੱਛਗਿੱਛ ਵਿਸ਼ਲੇਸ਼ਣ

## ਸੂਚਕਾਂਕ ਐੱਮਐਫਆਈ ਪੁੱਛਗਿੱਛ ਵਾਲੀਅਮ




- ਕੋਵਿਡ-19 ਦੀ ਦੂਜੀ ਲਹਿਰ ਤੋਂ ਬਾਅਦ ਮਾਈਕ੍ਰੋਫਾਈਨਾਂਸ ਉਦਯੋਗ ਨੇ ਨਵੀਂ ਕਰਜ਼ਾ ਪੁੱਛਗਿੱਛ ਵਿੱਚ ਸੁਧਾਰ ਦਿਖਾਇਆ ਹੈ
- ਮਾਰਚ 2021 ਅਤੇ ਜੂਨ 2022 ਦੇ ਵਿਚਕਾਰ ਸਤੰਬਰ 2021 ਦੇ ਮਹੀਨੇ ਵਿੱਚ ਸਭ ਤੋਂ ਵੱਧ ਪੁੱਛਗਿੱਛਾਂ ਹੋਈਆਂ
- ਜੂਨ 2021 ਦੇ ਮੁਕਾਬਲੇ ਜੂਨ 2022 ਵਿੱਚ ਜ਼ਿਆਦਾ ਪੁੱਛਗਿੱਛ ਕੀਤੀ ਗਈ

# ਸਿਡਬੀ ਬਾਰੇ

ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ (ਸਿਡਬੀ) ਦੀ ਸਥਾਪਨਾ ਸੰਸਦ ਦੇ ਇੱਕ ਐਕਟ ਦੇ ਅਧੀਨ 1990 ਵਿੱਚ ਕੀਤੀ ਗਈ ਸੀ। ਸਿਡਬੀ ਨੂੰ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ ਖੇਤਰ) ਦੇ ਪ੍ਰਮੋਸ਼ਨ, ਵਿੱਤ ਅਤੇ ਵਿਕਾਸ ਦੇ ਤੀਹਰੇ ਏਜੰਡੇ ਨੂੰ ਲਾਗੂ ਕਰਨ ਲਈ ਪ੍ਰਮੁੱਖ ਵਿੱਤੀ ਸੰਸਥਾ ਵਜੋਂ ਕੰਮ ਕਰਨ ਅਤੇ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਵੱਖ-ਵੱਖ ਸੰਸਥਾਵਾਂ ਦੇ ਕਾਰਜਾਂ ਵਿਚਕਾਰ ਤਾਲਮੇਲ ਬਣਾਈ ਰੱਖਣ ਦਾ ਹੁਕਮ ਦਿੱਤਾ ਗਿਆ ਹੈ। ਸਾਲਾਂ ਦੌਰਾਨ, ਆਪਣੇ ਵੱਖ-ਵੱਖ ਵਿੱਤੀ ਅਤੇ ਵਿਕਾਸ ਦੇ ਉਪਾਵਾਂ ਦੁਆਰਾ, ਬੈਂਕ ਨੇ ਸਮਾਜ ਦੇ ਵੱਖ-ਵੱਖ ਸਮੂਹਾਂ ਦੇ ਲੋਕਾਂ ਦੀ ਜ਼ਿੰਦਗੀ ਨੂੰ ਛੂਹਿਆ ਹੈ, ਪੂਰੇ ਐੱਮਐੱਸਐੱਮਈ ਖੇਤਰ ਵਿੱਚ ਉੱਦਮਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਐੱਮਐੱਸਐੱਮਈ ਦੇ ਈਕੋ ਸਿਸਟਮ ਵਿੱਚ ਕਈ ਭਰੋਸੇਮੰਦ ਸੰਸਥਾਵਾਂ ਨਾਲ ਇਕਜੁੱਟਤਾ ਬਣਾਈ ਹੈ।

ਵਿਜ਼ਨ 2.0 ਦੇ ਤਹਿਤ, ਸਿਡਬੀ ਨੇ ਐੱਮਐੱਸਐੱਮਈ ਖੇਤਰ ਵਿੱਚ ਜਾਣਕਾਰੀ ਦੇ ਬੇਤਰਤੀਬੇਪਣ ਨੂੰ ਸੰਬੋਧਿਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਦੀ ਅਗਵਾਈ ਕੀਤੀ ਹੈ ਜਿਨ੍ਹਾਂ ਵਿੱਚ ਮਾਈਕ੍ਰੋਫਾਈਨਾਂਸ ਪਲਸ ਤੋਂ ਇਲਾਵਾ, ਐੱਮਐੱਸਈ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦਾ ਅੰਦਾਜ਼ਾ ਲਗਾਉਣ ਲਈ ਐੱਮਐੱਸਐੱਮਈ ਅਤੇ ਕ੍ਰੀਸਿਡੈਕਸ ਦਾ ਹੈਲਥ ਟ੍ਰੈਕਰ - ਐੱਮਐੱਸਐੱਮਈ ਪਲਸ, ਉਦਯੋਗ ਖੇਤਰ ਉੱਤੇ ਢੁੱਕਵੀਂ ਰਿਪੋਰਟ ਦੇ ਲਈ - ਇੰਡਸਟਰੀ ਸਪਾਟਲਾਈਟ ਅਤੇ ਫਿਨਟੈਕ ਲੈਂਡਿੰਗ ਸੈਗਮੈਂਟ ਉੱਤੇ ਕ੍ਰੈਡਿਟ ਡਾਟਾ ਇਨਸਾਇਟ ਦੇ ਲਈ ਫਿਨਟੈਕ ਪਲਸ ਸ਼ਾਮਲ ਹਨ।

## ਮਾਈਕ੍ਰੋਫਾਈਨਾਂਸ ਸਪੇਸ ਵਿੱਚ ਸਿਡਬੀ

ਸਿਡਬੀ ਨੇ ਮਾਈਕ੍ਰੋਫਾਈਨਾਂਸ ਲਹਿਰ ਨੂੰ ਸਮਰਥਨ ਦੇ ਕੇ ਸਮਾਵੇਸ਼ੀ ਵਿੱਤ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। 31 ਮਾਰਚ, 2022 ਤੱਕ ਸਿਡਬੀ ਦੀਆਂ ਮਾਈਕ੍ਰੋਫਾਈਨਾਂਸ ਪਹਿਲਕਦਮੀਆਂ ਦੇ ਤਹਿਤ ਵੰਡੀ ਗਈ ਕੁੱਲ 23,460 ਕਰੋੜ ਰੁਪਏ ਦੀ ਰਕਮ ਸਹਾਇਤਾ ਲਗਭਗ 4.83 ਕਰੋੜ ਗਰੀਬ ਗਾਹਕਾਂ ਨੂੰ ਲਾਭ ਪਹੁੰਚਾਉਂਦੀ ਹੈ।

ਐੱਮਐੱਫ਼ਆਈ ਨੂੰ ਕਰਜ਼ਾ ਅਤੇ ਇਕੁਈਟੀ ਸਹਾਇਤਾ, ਇਨ੍ਹਾਂ ਸੰਸਥਾਵਾਂ ਦੀ ਸਮਰੱਥਾ ਵਧਾਉਣ ਲਈ ਦਿੱਤੀ ਜਾਂਦੀ ਹੈ ਅਤੇ ਕਾਰਪੋਰੇਟ ਗਵਰਨੈਂਸ ਕਲਚਰ ਨੂੰ ਅਪਨਾਉਣ ਲਈ ਕੰਪਲਾਇੰਸ ਅਸੈਸਮੈਂਟ ਟੂਲਜ਼ ਆਦਿ ਰਾਹੀਂ ਸਹਾਇਤਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮਾਈਕ੍ਰੋਫਾਈਨਾਂਸ ਉਦਯੋਗ ਨੂੰ ਨਾਜ਼ੁਕ ਸ਼ੁਰੂਆਤ ਤੋਂ ਇੱਕ ਸੰਪੂਰਣ ਉਦਯੋਗ ਤੱਕ ਸੰਭਾਲਣ ਤੋਂ ਇਲਾਵਾ, ਸਾਡੇ ਐੱਮਐੱਫ਼ਆਈ ਦੇ 8 ਹਿੱਸੇਦਾਰਾਂ ਨੂੰ ਐੱਸਐੱਫ਼ਬੀ/ ਯੂਨੀਵਰਸਲ ਬੈਂਕਾਂ ਵਿੱਚ ਤਬਦੀਲ ਕਰਨਾ ਵੀ ਸਿਡਬੀ ਦਾ ਕੰਮ ਹੈ। ਸਿਡਬੀ (ਭਾਈਵਾਲੀ ਪ੍ਰਬੰਧਾਂ ਰਾਹੀਂ) ਤੋਂ ਸਿੱਧੇ ਤੌਰ 'ਤੇ ਮਾਰਕੀਟ ਦੀਆਂ ਦਰਾਂ ਨਾਲੋਂ ਕਾਫ਼ੀ ਘੱਟ ਵਿਆਜ ਦਰਾਂ 'ਤੇ ਛੋਟੇ ਕਰਜ਼ੇ ਉਪਲਬਧ ਕਰਾਉਣਾ ਮਾਇਕ੍ਰੋ ਲੈਂਡਿੰਗ ਦੀ ਇੱਕ ਨਵੀਂ ਪਹਿਲ ਹੈ। ਪ੍ਰਯਾਸ ਸਿਰਲੇਖ ਵਾਲੀ ਇਸ ਪਹਿਲਕਦਮੀ ਤਹਿਤ, ਬੈਂਕ ਵੱਲੋਂ ਪਿਰਾਮਿਡ ਦੇ ਸਭ ਤੋਂ ਹੇਠਾਂ ਵਾਲੇ ਛੋਟੇ ਕਰਜ਼ਦਾਰਾਂ ਨੂੰ 50000 ਰੁਪਏ ਤੋਂ ਲੈ ਕੇ 5 ਲੱਖ ਰੁਪਏ ਤੱਕ ਦੇ ਛੋਟੀਆਂ ਟਿਕਟਾਂ ਦੇ ਆਕਾਰ ਦੇ ਕਰਜ਼ੇ ਵੰਡੇ ਗਏ ਹਨ ਜਿਨ੍ਹਾਂ ਨੂੰ ਭਾਈਵਾਲੀ ਮਾਡਲ ਦੇ ਤਹਿਤ ਬਾਜ਼ਾਰ ਦੀਆਂ ਦਰਾਂ ਨਾਲੋਂ ਤੁਲਨਾਤਮਕ ਘੱਟ ਵਿਆਜ ਦਰਾਂ 'ਤੇ ਦਿੱਤਾ ਗਿਆ ਹੈ।

# ਇਕੁਇਫੈਕਸ ਬਾਰੇ

ਇਕੁਇਫੈਕਸ (ਐੱਨਵਾਈਐੱਸਈ: ਈਐਫਐਕਸ) ਵਿੱਚ, ਅਸੀਂ ਭਰੋਸਾ ਕਰਦੇ ਹਾਂ ਕਿ ਗਿਆਨ ਤਰੱਕੀ ਵੱਲ ਲਿਜਾਂਦਾ ਹੈ। ਇੱਕ ਗਲੋਬਲ ਡੇਟਾ, ਵਿਸ਼ਲੇਸ਼ਣ ਅਤੇ ਤਕਨਾਲੋਜੀ ਕੰਪਨੀ ਦੇ ਰੂਪ ਵਿੱਚ, ਅਸੀਂ ਵਿੱਤੀ ਸੰਸਥਾਵਾਂ, ਕੰਪਨੀਆਂ, ਕਰਮਚਾਰੀਆਂ, ਅਤੇ ਸਰਕਾਰੀ ਏਜੰਸੀਆਂ ਨੂੰ ਵਧੇਰੇ ਭਰੋਸੇ ਨਾਲ ਮਹੱਤਵਪੂਰਨ ਫ਼ੈਸਲੇ ਲੈਣ ਵਿੱਚ ਮਦਦ ਕਰਕੇ ਵਿਸ਼ਵ ਅਰਥਵਿਵਸਥਾ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਾਂ। ਵੱਖੋ-ਵੱਖਰੇ ਡੇਟਾ, ਵਿਸ਼ਲੇਸ਼ਣ, ਅਤੇ ਕਲਾਉਡ ਤਕਨਾਲੋਜੀ ਦਾ ਸਾਡਾ ਵਿਲੱਖਣ ਮਿਸ਼ਰਣ ਲੋਕਾਂ ਨੂੰ ਅੱਗੇ ਵਧਾਉਣ ਲਈ ਸ਼ਕਤੀਸ਼ਾਲੀ ਫ਼ੈਸਲੇ ਲੈਣ ਦੀ ਸੂਝ ਪ੍ਰਦਾਨ ਕਰਦਾ ਹੈ। ਅਟਲਾਂਟਾ ਵਿੱਚ ਹੈੱਡਕੁਆਰਟਰ ਹੈ ਅਤੇ ਦੁਨੀਆ ਭਰ ਵਿੱਚ 11,000 ਤੋਂ ਵੱਧ ਕਰਮਚਾਰੀਆਂ ਦੁਆਰਾ ਸਮਰਥਿਤ, ਇਕੁਇਫੈਕਸ ਕੰਪਨੀ ਉੱਤਰੀ ਅਮਰੀਕਾ, ਮੱਧ ਅਤੇ ਦੱਖਣੀ ਅਮਰੀਕਾ, ਯੂਰਪ, ਅਤੇ ਏਸ਼ੀਆ ਪੈਸੀਫਿਕ ਖੇਤਰ ਵਿੱਚ 25 ਦੇਸ਼ਾਂ ਵਿੱਚ ਸੰਚਾਲਿਤ ਜਾਂ ਨਿਵੇਸ਼ ਕਰਦੀ ਹੈ। ਵਧੇਰੇ ਜਾਣਕਾਰੀ ਲਈ, Equifax.com 'ਤੇ ਜਾਓ।

### ਡਿਸਕਲੇਮਰ

ਮਾਈਕ੍ਰੋਫਾਈਨਾਂਸ ਪਲਸ (ਰਿਪੋਰਟ) ਨੂੰ ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ (ਇਕੁਇਫੈਕਸ) ਦੁਆਰਾ ਤਿਆਰ ਕੀਤਾ ਗਿਆ ਹੈ। ਰਿਪੋਰਟ ਤੱਕ ਪਹੁੰਚ ਕੇ ਅਤੇ ਇਸਤੇਮਾਲ ਕਰਕੇ, ਯੂਜ਼ਰ ਸਵੀਕਾਰ ਕਰਦਾ ਹੈ ਅਤੇ ਮੰਨਦਾ ਹੈ ਕਿ ਅਜਿਹੀ ਵਰਤੋਂ ਇਸ ਡਿਸਕਲੇਮਰ ਦੇ ਅਧੀਨ ਹੈ। ਇਹ ਰਿਪੋਰਟ ਜੂਨ 2022 ਤੱਕ ਮਾਈਕ੍ਰੋਫਾਈਨਾਂਸ ਸੰਸਥਾਵਾਂ, ਜੋ ਇਕੁਇਫੈਕਸ ਦੀਆਂ ਮੈਂਬਰ ਹਨ, ਦੁਆਰਾ ਉਚਿਤ ਰੂਪ ਵਿੱਚ ਦਿੱਤੀ ਗਈ ਜਾਣਕਾਰੀ ਦੇ ਸੰਗ੍ਰਹਿ 'ਤੇ ਅਧਾਰਿਤ ਹੈ। ਹਾਲਾਂਕਿ ਇਕੁਇਫੈਕਸ ਨੇ ਰਿਪੋਰਟ ਤਿਆਰ ਕਰਨ ਵਿੱਚ ਢੁੱਕਵੀਂ ਦੇਖਭਾਲ ਅਪਣਾਈ ਹੈ, ਪਰ ਇਹ ਮਾਈਕ੍ਰੋਫਾਈਨਾਂਸ ਸੰਸਥਾਵਾਂ ਦੁਆਰਾ ਦਿੱਤੀ ਗਈ ਗਲਤ ਜਾਂ ਨਾਕਾਫ਼ੀ ਜਾਣਕਾਰੀ ਲਈ ਖੁਦ ਜ਼ੁੰਮੇਵਾਰ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਇਕੁਇਫੈਕਸ ਰਿਪੋਰਟ ਵਿਚਲੀ ਜਾਣਕਾਰੀ ਦੀ ਯੋਗਤਾ ਜਾਂ ਪੂਰਨਤਾ ਦੀ ਗਰੰਟੀ ਨਹੀਂ ਦਿੰਦਾ ਅਤੇ/ ਜਾਂ ਕਿਸੇ ਖਾਸ ਮਕਸਦ ਲਈ ਇਸਦੀ ਅਨੁਕੂਲਤਾ ਲਈ ਨਾ ਹੀ ਇਕੁਇਫੈਕਸ, ਰਿਪੋਰਟ ਤੱਕ ਕਿਸੇ ਪਹੁੰਚ ਜਾਂ ਨਿਰਭਰਤਾ ਲਈ ਜ਼ਿੰਮੇਵਾਰ ਹੈ ਅਤੇ ਸਪੱਸ਼ਟ ਤੌਰ 'ਤੇ ਇਕੁਇਫੈਕਸ ਅਜਿਹੀ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ। ਇਸ ਰਿਪੋਰਟ ਦੀ ਕਿਸੇ ਕਾਰਜ, ਉਤਪਾਦ ਨੂੰ ਮੰਨਣ ਜਾਂ ਨਾ ਮੰਨਣ ਜਾਂ ਸਵੀਕਾਰ ਕਰਨ ਲਈ ਸਿਫਾਰਸ਼ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਇਸ ਰਿਪੋਰਟ ਦੀ ਕਿਸੇ ਸੰਬੰਧਤ ਵਿਅਕਤੀ ਜਾਂ ਇਕਾਈ ਨੂੰ (I) ਕਰਜ਼ਾ ਦੇਣ ਜਾਂ ਨਾ ਦੇਣ ਅਤੇ (ii) ਕਿਸੇ ਵਿੱਤੀ ਲੈਣ-ਦੇਣ ਵਿੱਚ ਦਾਖਲ ਹੋਣ ਜਾਂ ਨਾ ਹੋਣ ਦੇ ਲਈ ਕੋਈ ਸਿਫਾਰਸ਼ ਕੀਤੀ ਜਾਂਦੀ ਹੈ। ਰਿਪੋਰਟ ਵਿਚਲੀ ਜਾਣਕਾਰੀ ਕੋਈ ਸਲਾਹ ਦਾ ਅਧਾਰ ਨਹੀਂ ਰੱਖਦੀ ਅਤੇ ਇਸ ਰਿਪੋਰਟ ਵਿੱਚ ਸ਼ਾਮਲ ਜਾਣਕਾਰੀ ਦੇ ਅਧਾਰ 'ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਪਭੋਗਤਾ ਨੂੰ ਉਹ ਸਾਰੇ ਜ਼ਰੂਰੀ ਵਿਸ਼ਲੇਸ਼ਣ ਖੁਦ ਕਰਨੇ ਚਾਹੀਦੇ ਹਨ ਜੋ ਉਸਦੀ ਰਾਏ ਵਿੱਚ ਸਮਝਦਾਰੀ ਬਣਾਉਣ ਵਿੱਚ ਸਹਾਇਤਾ ਕਰੇ। ਰਿਪੋਰਟ ਦੀ ਵਰਤੋਂ ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ (ਰੈਗੂਲੇਸ਼ਨ) ਐਕਟ 2005, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੈਗੂਲੇਸ਼ਨਜ਼, 2006, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੂਲਜ਼, 2006 ਦੀਆਂ ਧਾਰਾਵਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਬਿਨਾਂ ਮਨਜ਼ੂਰੀ ਤੋਂ ਰਿਪੋਰਟ ਦੇ ਕਿਸੇ ਵੀ ਹਿੱਸੇ ਦੀ ਨਕਲ, ਵੰਡ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ।

## ਸੰਪਰਕ ਵੇਰਵੇ


**ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ**

ਯੂਨਿਟ ਨੰਬਰ - 931, ਤੀਜੀ ਮੰਜ਼ਲ, ਬਿਲਡਿੰਗ ਨੰ: 9,
ਸੋਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ,
ਅੰਧੇਰੀ (ਪੂਰਬੀ), ਮੁੰਬਈ - 400 093

ਟੋਲ ਫ੍ਰੀ ਨੰਬਰ: 1800 2093247

ecissupport@equifax.com

**ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ**

ਸਵਾਵਲੰਬਨ ਭਵਨ, ਪਲਾਟ ਨੰਬਰ ਸੀ - 11, ‘ਜੀ’ ਬਲਾਕ,
ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ),
ਮੁੰਬਈ - 400 051 ਮਹਾਰਾਸ਼ਟਰ
ਟੋਲ ਫ੍ਰੀ ਨੰਬਰ: 1800 226753

www.sidbi.in/en




ਕਾਪੀਰਾਈਟ © 2020, ਇਕੁਇਫੈਕਸ ਇੰਕ., ਐਟਲਾਂਟਾ, ਜਾਰਜੀਆ। ਸਾਰੇ ਹੱਕ ਰਾਖਵੇਂ ਹਨ। ਇਕੁਇਫੈਕਸ - ਇਕੁਇਫੈਕਸ ਇੰਕ. ਦਾ ਰਜਿਸਟਰਡ ਟ੍ਰੇਡਮਾਰਕ ਹੈ।